GOVERNMENT OF WESTERN AUSTRALIA

Working with Children Check

# Factsheet CAT09
# ਬੱਚਿਆਂ ਨਾਲ ਸੰਬੰਧਿਤ ਕੰਮ ਦੀਆਂ ਸ਼੍ਰੇਣੀਆਂ 9: ਕਮਿਊਨਿਟੀ ਬਾਲ ਸਿਹਤ ਸੇਵਾ

Punjabi | ਪੰਜਾਬੀ



ਕਮਿਊਨਿਟੀ **ਚਾਈਲਡ (child)** ਹੈਲਥ ਸਰਵਿਸ ਇੱਕ ਅਜਿਹੀ ਸਿਹਤ ਸੇਵਾ ਹੁੰਦੀ ਹੈ ਜੋ ਕਿ ਕਈ ਉਮਰ ਸਮੂਹਾਂ ਨੂੰ ਪ੍ਰਦਾਨ ਕਰਨ ਦੀ ਬਜਾਏ ਸਿਰਫ਼ ਖ਼ਾਸ ਤੌਰ 'ਤੇ ਬੱਚਿਆਂ ਨੂੰ ਪ੍ਰਦਾਨ ਕੀਤੀ ਜਾਂਦੀ, ਜੋ ਕਿ ਖੇਤਰ/ਭਾਈਚਾਰੇ ਦੇ ਸਾਰੇ ਬੱਚਿਆਂ ਲਈ ਖੁੱਲ੍ਹੀ ਹੁੰਦੀ ਹੈ। ਇਸ ਸ਼੍ਰੇਣੀ ਲਈ ਸ਼੍ਰੇਣੀ 13: ਪ੍ਰਾਈਵੇਟ ਜਾਂ ਸਰਕਾਰੀ ਹਸਪਤਾਲ ਦਾ ਵਾਰਡ ਨਾਲ ਉਲਝਣ ਵਿੱਚ ਨਾ ਪਵੋ।

ਇਸ ਸ਼੍ਰੇਣੀ ਵਿੱਚ ਹੇਠ ਲਿਖੀਆਂ ਬਾਲ ਸਿਹਤ ਸੇਵਾਵਾਂ ਸ਼ਾਮਲ ਹਨ:

- ਪਰਥ ਚਿਲਡਰਨਜ਼ ਹਸਪਤਾਲ
- ਬਾਲ ਸਿਹਤ ਸੇਵਾਵਾਂ
- ਸਕੂਲ ਸਿਹਤ ਸੇਵਾਵਾਂ
- ਬਾਲ ਵਿਕਾਸ ਸੇਵਾਵਾਂ
- ਬਾਲ ਅਤੇ ਕਿਸ਼ੋਰ ਮਾਨਸਿਕ ਸਿਹਤ ਸੇਵਾਵਾਂ
- ਜ਼ੋਖਮ ਵਿਚਲੇ ਯੁਵਾਵਾਂ ਲਈ ਮੋਬਾਈਲ ਸਿਹਤ ਸੇਵਾਵਾਂ।

## ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਮੰਨੀਆਂ ਜਾਂਦੀਆਂ ਨੌਕਰੀ-ਭੂਮਿਕਾਵਾਂ

ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਮੰਨੀਆਂ ਜਾਣ ਵਾਲੀਆਂ ਨੌਕਰੀ-ਭੂਮਿਕਾਵਾਂ ਦੀਆਂ ਕੁੱਝ ਉਦਾਹਰਣਾਂ ਹੇਠਾਂ ਦਿੱਤੀਆਂ ਗਈਆਂ ਹਨ। ਕਿਰਪਾ ਕਰਕੇ ਧਿਆਨ ਦਿਓ ਕਿ ਸਾਰੇ ਮਾਮਲਿਆਂ ਵਿੱਚ, ਕਿਸੇ ਨੌਕਰੀ-ਭੂਮਿਕਾ ਨੂੰ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਮੰਨੇ ਜਾਣ ਲਈ ਉਸ ਭੂਮਿਕਾ ਦੀਆਂ **ਆਮ ਡਿਊਟੀਆਂ (usual duties)** ਵਿੱਚ ਬੱਚੇ ਨਾਲ **ਸੰਪਰਕ (contact)** ਕਰਨਾ ਲਾਜ਼ਮੀ ਹੋਣਾ, ਜਾਂ ਸੰਪਰਕ ਹੋਣ ਦੀ ਸੰਭਾਵਨਾ ਸ਼ਾਮਲ ਹੋਣੀ ਚਾਹੀਦੀ ਹੈ। ਨੌਕਰੀ-ਭੂਮਿਕਾਵਾਂ ਵਿੱਚ ਸ਼ਾਮਲ ਹਨ:

- ਪਰਥ ਚਿਲਡਰਨਜ਼ ਹਸਪਤਾਲ ਵਿੱਚ ਆਪਣੀਆਂ ਆਮ ਡਿਊਟੀਆਂ ਦੇ ਹਿੱਸੇ ਵਜੋਂ ਬੱਚਿਆਂ ਨਾਲ ਸੰਪਰਕ ਕਰਨ ਵਾਲਾ ਸਾਰਾ ਸਟਾਫ਼, **ਵਲੰਟੀਅਰ (volunteers)**, ਵਿਜ਼ਿਟਿੰਗ ਸਲਾਹਕਾਰ/ਪ੍ਰੈਕਟੀਸ਼ਨਰ

- ਪ੍ਰੈਕਟੀਸ਼ਨਰ ਅਤੇ ਹੋਰ ਲੋਕ ਜੋ ਬਾਲ ਸਿਹਤ ਸੇਵਾ ਸੁਵਿਧਾਵਾਂ ਵਿੱਚ ਕੰਮ ਕਰਦੇ ਹਨ ਜਿੱਥੇ ਉਹਨਾਂ ਦੀਆਂ ਆਮ ਡਿਊਟੀਆਂ ਵਿੱਚ ਬੱਚਿਆਂ ਨਾਲ ਸੰਪਰਕ ਕਰਨਾ ਸ਼ਾਮਲ ਹੁੰਦਾ ਹੈ
- ਬਾਲ ਸਿਹਤ ਨਰਸ
- ਸਕੂਲ ਦੀ ਸਿਹਤ ਨਰਸ।

**ਛੋਟਾਂ**

ਇਸ ਸ਼੍ਰੇਣੀ 'ਤੇ ਹੇਠ ਲਿਖੀਆਂ ਛੋਟਾਂ ਲਾਗੂ ਹੁੰਦੀਆਂ ਹਨ:

- 18 ਸਾਲ ਤੋਂ ਘੱਟ ਉਮਰ ਦੇ ਬਾਲ ਵਲੰਟੀਅਰ
- 18 ਸਾਲ ਤੋਂ ਘੱਟ ਉਮਰ ਦੇ ਵੇਤਨ-ਰਹਿਤ ਪਲੇਸਮੈਂਟ ਕਰ ਰਹੇ **ਵਿਦਿਆਰਥੀ (students)**
- WA ਵਿੱਚ **ਥੋੜ੍ਹੇ ਸਮੇਂ ਲਈ ਆਏ ਸੈਲਾਨੀ (short-term visitors)**
- ਉਸੇ ਗਤੀਵਿਧੀ ਵਿੱਚ ਕਿਸੇ **ਮਾਤਾ ਜਾਂ ਪਿਤਾ (parent)** ਵੱਲੋਂ ਵਲੰਟੀਅਰ ਕਰਨਾ ਜਿਸ ਵਿੱਚ ਉਹਨਾਂ ਦਾ ਬੱਚਾ ਹਿੱਸਾ ਲੈ ਰਿਹਾ ਹੈ, ਜਾਂ ਆਮ ਤੌਰ 'ਤੇ ਹਿੱਸਾ ਲੈਂਦਾ ਹੈ, Factsheet CRW03 - ਛੋਟਾਂ, ਮਾਤਾ-ਪਿਤਾ ਵੱਲੋਂ ਵਾਲੰਟੀਅਰ ਕਰਨ ਦੀ ਛੋਟ ਵੇਖੋ।

**ਮੋਟੇ ਅੱਖਰਾਂ ਵਾਲੇ** ਸ਼ਬਦਾਂ ਦੀ ਪਰਿਭਾਸ਼ਾ www.workingwithchildren.wa.gov.au ' ਤੇ ਵਰਕਿੰਗ ਵਿਦ ਚਿਲਡਰਨ ਚੈੱਕ ਸ਼ਬਦਾਵਲੀ ਵਿੱਚ ਲੱਭੀ ਜਾ ਸਕਦੀ ਹੈ।